# 27

# ''ਆਪਣੇ ਨਾਂਅ ਦੀ ਵਡਿਆਈ ਕਰ''

## (12:9-50)

ਤਿੰਨ ਦਰੱਖ਼ਤਾਂ ਦੀ ਇਕ ਅਨੋਖੀ ਪੁਰਾਣੀ ਲੋਕ ਕਥਾ ਕਈ ਭਾਸ਼ਾਵਾਂ ਵਿਚ ਮਿਲਦੀ ਹੈ। ਤਿੰਨ ਦਰੱਖ਼ਤ ਇਕ ਪਹਾੜ ਦੀ ਚੋਟੀ ਤੇ ਨਾਲ-ਨਾਲ ਵੱਡੇ ਹੋ ਰਹੇ ਸਨ ਅਤੇ ਉਨ੍ਹਾਂ ਖ਼ਾਬ ਵੇਖਿਆ ਕਿ ਵੱਡੇ ਹੋ ਕੇ ਕੀ ਬਣਨਗੇ। ਪਹਿਲੇ ਦਰੱਖ਼ਤ ਨੇ ਇਕ ਦਿਨ ਬੇਸ਼ਕੀਮਤੀ ਮੋਤੀਆਂ ਦਾ ਖ਼ਜ਼ਾਨਾ ਆਪਣੇ ਅੰਦਰ ਰੱਖਣ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਦੂਜੇ ਦਰੱਖ਼ਤ ਨੇ ਘੁੰਮਣ ਅਤੇ ਜੋਸ਼ ਦਾ ਖ਼ਾਬ ਵੇਖਿਆ ਅਤੇ ਇਕ ਦਿਨ ਡੂੰਘੇ ਸਮੁੰਦਰੋਂ ਪਾਰ ਰਾਜਿਆਂ ਨੂੰ ਲਿਜਾਣ ਵਾਲਾ ਬਹੁਤ ਵੱਡਾ ਸਮੁੰਦਰੀ ਜਹਾਜ਼ ਬਣਨ ਦੀ ਇੱਛਾ ਕੀਤੀ। ਤੀਜੇ ਦਰੱਖ਼ਤ ਦਾ ਦਿਲ ਪਹਾੜ ਦੀ ਚੋਟੀ ਨੂੰ ਛੱਡ ਕੇ ਕਿਸੇ ਹੋਰ ਜਾਣ ਦਾ ਨਹੀਂ ਸੀ। ਇਸ ਦੇ ਬਜਾਏ, ਉਸ ਦੀ ਇੱਛਾ ਸਿੱਧੇ ਖਲੋ ਕੇ ਉੱਥੇ ਹੀ ਲੋਕਾਂ ਦਾ ਧਿਆਨ ਰੱਬ ਵੱਲ ਲਾਉਣ ਲਈ ਖਲੋਤੇ ਰਹਿਣ ਦੀ ਸੀ।

ਕਾਫ਼ੀ ਵਕਤ ਗੁਜ਼ਾਰਨ ਤੇ ਜਦ ਇਹ ਦਰੱਖ਼ਤ ਕਾਫ਼ੀ ਵੱਡੇ ਅਤੇ ਮਜ਼ਬੂਤ ਹੋ ਗਏ ਤਾਂ ਇਕ ਦਿਨ ਉਸ ਪਹਾੜ ਤੇ ਤਿੰਨ ਲੱਕੜਹਾਰੇ, ਦਰੱਖ਼ਤ ਕੱਟਣ ਆਏ। ਇਕ ਲੱਕੜਹਾਰੇ ਨੇ ਪਹਿਲੇ ਦਰੱਖ਼ਤ ਦੇ ਕੋਲ਼ ਆਣ ਕੇ ਕਿਹਾ, ''ਇਹੀ ਦਰੱਖ਼ਤ ਮੈਨੂੰ ਚਾਹੀਦਾ ਸੀ,'' ਅਤੇ ਉਹਨੇ ਇਸ ਨੂੰ ਕੱਟ ਦਿੱਤਾ। ਦੂਜੇ ਲੱਕੜਹਾਰੇ ਨੇ ਦੂਜੇ ਦਰੱਖ਼ਤ ਕੋਲ ਇਹੀ ਗੱਲ ਕਹੀ ਅਤੇ ਉਸ ਨੂੰ ਕੱਟ ਦਿੱਤਾ। ਤੀਜੇ ਲੱਕੜਹਾਰੇ ਨੇ ਦਰੱਖ਼ਤ ਨੂੰ ਬੇਰਹਿਮੀ ਨਾਲ ਕੱਟਣ ਤੋਂ ਪਹਿਲਾਂ ਬੁੜਬੁੜਾ ਕੇ ਕਿਹਾ ਕਿ ਉਹਦਾ ਮਕਸਦ ਤਾਂ ਕੋਈ ਵੀ ਪੁਰਾਣਾ ਦਰੱਖਤ ਪੂਰਾ ਕਰ ਦੇਵੇਗਾ।

ਜਦ ਪਹਿਲੇ ਦਰੱਖ਼ਤ ਨੂੰ ਕੱਟ ਕੇ ਉਹਦਾ ਇਕ ਬਕਸਾ ਬਣਾਇਆ ਗਿਆ, ਤਾਂ ਉਸ ਨੂੰ ਲੱਗਾ ਕਿ ਆਪਣੇ ਅੰਦਰ ਹੀਰੇ ਮੋਤੀਆਂ ਨੂੰ ਰੱਖਣ ਦਾ ਉਹਦਾ ਖ਼ਾਬ ਪੂਰਾ ਹੋ ਰਿਹਾ ਹੈ। ਪਰ ਛੇਤੀ ਹੀ ਉਸ ਨੂੰ ਸਮਝ ਆ ਗਈ ਕਿ ਇਹ ਤਾਂ ਬਹੁਤ ਹੀ ਆਮ ਕਿਸਮ ਦੀ ਜਾਨਵਰਾਂ ਦੇ ਚਾਰੇ ਲਈ ਰੱਖੀ ਗਈ ਖੁਰਲੀ ਸੀ। ਦੂਜੇ ਦਰੱਖ਼ਤ ਨੇ ਇਕ ਵੱਡੇ ਸਮੁੰਦਰੀ ਜ਼ਹਾਜ਼ ਦੀ ਆਪਣੀ ਆਸ ਮਿੱਟੀ ਵਿਚ ਮਿਲਦਿਆਂ ਵੇਖੀ, ਜਦ ਉਹਨੂੰ ਪਤਾ ਲੱਗਾ ਕਿ ਉਹਦੀ ਇਕ ਛੋਟੀ ਜਿਹੀ ਬੇੜੀ ਬਣਾਈ ਗਈ। ਜੋ ਸਿਰਫ਼ ਝੀਲ ਵਿਚ ਹੀ ਤਰ ਸਕਦੀ ਸੀ। ਤੀਜੇ ਦਰੱਖ਼ਤ ਨੂੰ ਸਭ ਤੋਂ ਮਾੜਾ ਅਹਿਸਾਸ ਹੋਇਆ। ਇਸ ਨੂੰ ਕੱਟ ਕੇ ਦੂਜੇ ਸ਼ਤੀਰਾਂ ਦੇ ਢੇਰ ਵਿਚ ਸੁੱਟ ਕੇ ਭੁਲਾ ਦਿੱਤਾ ਗਿਆ।

ਸਮਾਂ ਪੈਣ ਤੇ ਸਭਨਾਂ ਨਾਲ ਵੱਖ ਵੱਖ ਅਨੁਭਵ ਹੋਏ। ਜਿਸ ਦਰੱਖ਼ਤ ਦੀ ਖੁਰਲੀ ਬਣਾਈ ਗਈ ਸੀ, ਉਸਦੀ ਵਰਤੋਂ ਇਕ ਰਾਤ ਇਕ ਜਵਾਨ ਦੇਹਾਤੀ ਜੋੜੇ ਵੱਲੋਂ ਕੀਤੀ ਗਈ ਸੀ। ਜਿਨ੍ਹਾਂ ਇਕ ਬੱਚੇ ਨੂੰ ਜਨਮ ਦਿੱਤਾ ਸੀ, ਪਰ ਉਨ੍ਹਾਂ ਨੂੰ ਸਰਾਂ ਵਿਚ ਰਹਿਣ ਲਈ ਥਾਂ ਨਹੀਂ ਮਿਲ ਸਕੀ ਸੀ। ਉਨ੍ਹਾਂ ਖੁਰਲੀ ਵਿਚ ਗਿੱਲਾ ਘਾਹ ਰੱਖਿਆ ਅਤੇ ਇਸ ਨੂੰ ਇਕ ਖਟੋਲੇ ਦਾ ਰੂਪ ਦੇ ਦਿੱਤਾ। ਨਵਜੰਮੇ ਬੱਚੇ ਦੇ ਖੁਰਲੀ ਵਿਚ ਪਏ ਹੋਣ ਤੇ, ਦਰੱਖ਼ਤ ਨੂੰ ਸਮਝ ਆ ਗਈ ਕਿ ਉਸ ਨੇ ਸੰਸਾਰ ਦਾ ਸਭ ਤੋਂ ਵੱਡਾ ਖ਼ਜਾਨਾ ਆਪਣੇ ਅੰਦਰ ਰੱਖਿਆ ਹੋਇਆ ਸੀ। ਬੇੜੀ ਬਣ ਚੁੱਕਾ ਦਰੱਖ਼ਤ ਇਕ ਰਾਤ ਝੀਲ ਵਿਚ ਆਏ ਤੁਫ਼ਾਨ ਵਿੱਚੋਂ ਲੋਕਾਂ ਦੇ ਇਕ ਝੁੰਡ ਨੂੰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ। ਡੁੱਬਣ ਅਤੇ ਸਭ ਸਵਾਰ ਲੋਕਾਂ ਦੇ ਮਰ ਜਾਣ ਦੇ ਖ਼ਤਰੇ ਕਰਕੇ, ਬੇੜੀ ਨੂੰ ਹੈਰਾਨੀ

ਹੋਈ ਕਿ ਜਦ ਸੌਂ ਰਿਹਾ ਇਕ ਮੁਸ਼ਾਫ਼ਰ ਜਾਗ ਕੇ ਤੂਫ਼ਾਨ ਨੂੰ ਕਹਿਣ ਲੱਗਾ, ''ਸ਼ਾਂਤ, ਥੰਮ੍ਹ ਜਾਹ!'' ਜਦ ਤੂਫ਼ਾਨ ਇਕਦਮ ਸ਼ਾਂਤ ਹੋ ਗਿਆ, ਜਿਸ ਨੂੰ ਮੌਤ ਲਈ ਸ਼ੋਰ ਮਚਾਉਣ ਵਾਲੀ ਨਫ਼ਰਤ ਭਰੀ ਭੀੜ ਵਿੱਚੋਂ ਗ਼ਲੀਆਂ ਵਿੱਚੋਂ ਘੁਮਾਇਆ ਜਾ ਰਿਹਾ ਸੀ। ਨਗਰ ਦੇ ਬਾਹਰ ਲਿਜਾ ਕੇ, ਉਸ ਆਦਮੀ ਨੂੰ ਦਰੱਖ਼ਤ ਤੇ ਕਿੱਲ ਠੋਕ ਕੇ ਮਰਨ ਲਈ ਉੱਪਰ ਚੜ੍ਹਾ ਦਿੱਤਾ ਗਿਆ। ਇਹ ਸਭ ਹੁੰਦੇ ਵੇਖ ਕੇ ਤੀਜਾ ਦਰੱਖ਼ਤ ਦੁਖੀ ਹੋਇਆ ਕਿਉਂਕਿ ਉਹ ਇਸ ਆਦਮੀ ਨਾਲ ਇਸ ਤੋਂ ਵੱਧ ਬੁਰਾਈ ਦੀ ਕਲਪਨਾ ਨਹੀਂ ਕਰ ਸਕਦਾ ਸੀ। ਜਿਹਦੀ ਇਹ ਇੱਛਾ ਸੀ ਕਿ ਉਹ ਲੋਕਾਂ ਨੂੰ ਖ਼ੁਦਾ ਵੱਲ ਖਿੱਚ, ਤਿੰਨ ਦਿਨ ਬਾਅਦ ਉਹਦੀ ਦੁਨੀਆਂ ਹੀ ਬਦਲ ਗਈ। ਕਿਉਂਕਿ ਉਹ ਆਦਮੀ ਮੁਰਦਿਆਂ ਵਿੱਚੋਂ ਜੀ ਉੱਠਿਆ ਅਤੇ ਤੀਜੇ ਦਰੱਖ਼ਤ ਨੂੰ ਪਤਾ ਲੱਗਾ ਕਿ ਉਹਦੇ ਬਾਅਦ ਜਦ ਵੀ ਲੋਕ ਉਸ ਵੱਲ ਵੇਖਣਗੇ, ਤਾਂ ਉਨ੍ਹਾਂ ਦਾ ਧਿਆਨ ਪਰਮੇਸ਼ੁਰ ਵੱਲ ਹੋ ਜਾਏਗਾ! ਵੱਖ ਵੱਖ ਆਸਾਂ ਅਤੇ ਖ਼ਾਬਾਂ ਵਾਲੇ ਤਿੰਨੇ ਦਰੱਖ਼ਤ ਪਰਮੇਸ਼ੁਰ ਦੀ ਵਡਿਆਈ ਦਾ ਕਾਰਣ ਬਣ ਗਏ।

ਜਿਵੇਂ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ, ਯੂਹੰਨਾ ਦੇ ਵਿਰਤਾਂਤ ਵਿਚ ''ਵਡਿਆਈ'' ਇਕ ਅਹਿਮ ਵਿਸ਼ਾ ਹੈ। ਇੰਜੀਲ ਦੀ ਇਸ ਕਿਤਾਬ ਵਿਚ ਅਸੀਂ ਪਹਿਲਾਂ ਇਹ ਸ਼ਬਦ ਵੇਖਿਆ, ਜਿੱਥੇ ਯੂਹੰਨਾ ਨੇ ਲਿਖਿਆ ਹੈ, ''ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ'' (1:14)। ਯੂਹੰਨਾ ਦੀ ਕਿਤਾਬ ਵਿਚ ਕਿਰਿਆ ਰੂਪ ''ਵਡਿਆਈ ਕਰ'' ਤੇਈ ਵਾਰ ਅਤੇ ਨਾਂਵ ਰੂਪ ''ਵਡਿਆਈ'' ਅਠਾਰਾਂ ਵਾਰ ਮਿਲਦਾ ਹੈ। ਸਾਫ਼ ਤੌਰ ਤੇ ਯਿਸੂ ਦੀ ਜ਼ਿੰਦਗੀ ਬਾਰੇ ਲਿਖਦਿਆਂ ਯੂਹੰਨਾ ਵਡਿਆਈ ਵੱਲ ਖ਼ਾਸ ਧਿਆਨ ਦਿੰਦਾ ਹੈ।

## ਪਰਮੇਸ਼ੁਰ ਦੀ ਵਡਿਆਈ ਅਤੇ ਯਿਸੂ

ਇਸ ਪਾਠ ਦੇ ਸ਼ੁਰੂ ਵਿਚ, ਅਸੀਂ ਯਰੂਸ਼ਲਮ ਨੂੰ ਪਸਾਹ ਦੇ ਪਰਬ ਦੇ ਜੋਸ਼ ਅਤੇ ਲੋਕਾਂ ਦੀ ਭੀੜ ਵੱਲੋਂ ਯਿਸੂ ਦੇ ਆਉਣ ਦਾ ਕਿਆਫ਼ਾ ਲਾਉਂਦੇ ਹੋਏ ਵੇਖਦੇ ਹਾਂ। ਉਹ ਕਿਵੇਂ ਆਏਗਾ? ਉਹ ਕੀ ਕਰੇਗਾ? ਕੀ ਉਹ ਹੁਣ ਆ ਕੇ ਐਲਾਨ ਕਰੇਗਾ ਕਿ ਉਹ ਉਹੀ ਮਸੀਹਾ ਹੈ ਜਿਸਦੀ ਉਡੀਕ ਸਦੀਆਂ ਤੋਂ ਹੋ ਰਹੀ ਸੀ ਕਿ ਉਹ ਇਸਰਾਏਲ ਦਾ ਰਾਜਾ ਬਣੇਗਾ? ਹਰ ਪਾਸੇ ਯਿਸੂ ਦੀਆਂ ਹੀ ਗੱਲਾਂ ਹੋ ਰਹੀਆਂ ਸਨ।

ਜਦ ਯਰੂਸ਼ਲਮ ਵਿਚ ਯਿਸੂ ਦੇ ਵੜਨ ਦਾ ਵਕਤ ਆਇਆ ਤਾਂ ਬਹੁਤ ਵੱਡੀ ਭੀੜ ਨਗਰ ਵਿਚ ਉਹਦੇ ਸੁਆਗਤ ਲਈ ਉਸ ਨੂੰ ਮਿਲਣ ਆਈ। ਖ਼ਜੂਰ ਦੀਆਂ ਟਹਿਣੀਆਂ ਹਿਲਾਉਂਦੇ ਅਤੇ ''ਹੋਸੰਨਾ! *ਧੰਨ ਉਹ ਜਿਹੜਾ ਪ੍ਰਭੂ ਦੇ ਨਾਮ ਉੱਤੇ ਆਉਂਦਾ ਹੈ* ਅਤੇ ਇਸਰਾਏਲ ਦਾ ਬਾਦਸ਼ਾਹ ਹੈ!'' (12:13)। ਪੁਕਾਰਦੇ ਹੋਏ, ਉਨ੍ਹਾਂ ਬਾਦਸ਼ਾਹ ਦੇ ਰੂਪ ਵਿਚ ਯਿਸੂ ਦਾ ਸਵਾਗਤ ਕੀਤਾ। ਜ਼ਕਰਯਾਹ 9:9 ਦੀ ਨਬੂਵਤ ਪੂਰੀ ਕਰਦਿਆਂ, ਯਿਸੂ ਗਧੇ ਤੇ ਬਹਿ ਕੇ ਯਰੂਸ਼ਲਮ ਵਿਚ ਆਇਆ। ਯੂਹੰਨਾ ਨੇ ਲਿਖਿਆ ਹੈ ਕਿ ਯਿਸੂ ਦੇ ਚੇਲੇ ਇਸ ਸਾਰੇ ਦ੍ਰਿਸ਼ ਤੋਂ ਉਲਝਣ ਵਿਚ ਪੈ ਗਏ ਸਨ ਅਤੇ ਉਨ੍ਹਾਂ ਨੂੰ ਇਨ੍ਹਾਂ ਘਟਨਾਵਾਂ ਦੀ ਸਮਝ ਉਦੋਂ ਆਈ ਜਦ ''ਯਿਸੂ ਆਪਣੇ ਤੇਜ ਨੂੰ ਪਹੁੰਚਿਆ'' (ਯੂਹੰਨਾ 12:16)। ਅਸੀਂ ਫਿਰ ਵੇਖਦੇ ਹਾਂ ਕਿ ਵਡਿਆਈ ਯਿਸੂ ਦੇ ਜ਼ਿੰਦਗੀ ਦੇ ਹਰ ਪਹਿਲੂ ਵਿਚ ਝਲਕਦੀ ਸੀ ਪਰ ਸਲੀਬ ਦੇ ਵਕਤ ਸਭ ਤੋਂ ਬਹੁਤੀ ਸੀ। ਜਗਤ ਤਾਂ ਵਡਿਆਈ ਨੂੰ ਸ਼ਕਤੀ, ਪ੍ਰਸਿੱਧੀ ਅਤੇ ਧਨ ਨਾਲ ਜੋੜਦਾ ਹੈ, ਪਰ ਪਰਮੇਸ਼ੁਰ ਦੀ ਵਡਿਆਈ ਪ੍ਰੇਮ, ਦੀਨਤਾ, ਸਲੀਬ ਤੇ ਬਲੀਦਾਨ ਵਿਚ ਸਭ ਤੋਂ ਵੱਧ ਅਤੇ ਸਾਫ਼

ਵਿਖਾਈ ਦਿੰਦੀ ਹੈ।

ਫਿਰ ਕੁਝ ਯੂਨਾਨੀਆਂ[1] ਨੇ ਫ਼ਿਲਿੱਪੁਸ ਨੂੰ ਕਿਹਾ, ‘‘ ਜੀ, ਅਸਾਂ ਯਿਸੂ ਦਾ ਦਰਸ਼ਣ ਕਰਨਾ ਹੈ’’ (12:21)। ਫ਼ਿਲਿਪੁੱਸ ਅੰਦ੍ਰਿਆਸ ਕੋਲ਼ ਗਿਆ, ਅਤੇ ਉਨ੍ਹਾਂ ਜਾ ਕੇ ਯਿਸੂ ਨੂੰ ਦੱਸਿਆ ਕਿ ਯੂਨਾਨੀਆਂ ਨੇ ਕੀ ਕਿਹਾ ਹੈ। ਯਿਸੂ ਨੇ ਜਵਾਬ ਦਿੱਤਾ, ‘‘ਵੇਲਾ ਆ ਪੁੱਜਿਆ ਹੈ ਜੋ ਮਨੁੱਖ ਦੇ ਪੁੱਤਰ ਦੀ ਵਡਿਆਈ ਕੀਤੀ ਜਾਵੇ’’ (12:23)। ਫਿਰ ਇੱਥੇ, ‘‘ਵਡਿਆਈ’’ ਦਾ ਜ਼ਿਕਰ ਸਲੀਬ ਦੇ ਹਵਾਲੇ ਨਾਲ ਕੀਤਾ ਗਿਆ ਹੈ। ਅਗਲੀਆਂ ਆਇਤਾਂ ਵਿਚ ਇਹ ਸਾਫ਼ ਹੋ ਜਾਂਦਾ ਹੈ, ਜਿੱਥੇ ਯਿਸੂ ਨੇ ਸਮਝਾਇਆ ਕਿ ਕਿਵੇਂ ਕਣਕ ਦੇ ਦਾਣੇ ਨੂੰ ਫ਼ਲ ਦੇਣ ਲਈ ਮਰ ਕੇ ਜ਼ਮੀਨ ਵਿਚ ਦੱਬਿਆ ਜਾਣਾ ਜ਼ਰੂਰੀ ਹੈ। ਸਲੀਬ ਤੇ ਆਪਣੇ ਚੜ੍ਹਾਏ ਜਾਣ ਦੀ ਗੱਲ ਕਰਦੇ ਹੋਏ ਯਿਸੂ ਨੇ ਆਪਣੇ ਚੇਲਿਆਂ ਨੂੰ ਸਮਰਪਣ ਅਤੇ ਕੁਰਬਾਨੀ ਦੀ ਉਹਦੀ ਉਦਾਹਰਣ ਨੂੰ ਅਪਣਾਉਣ ਲਈ ਕਿਹਾ। ਉਸਨੇ ਸੰਕੇਤ ਦਿੱਤਾ ਕਿ ਜੇ ਉਹ ਅਜਿਹਾ ਕਰਨ ਤਾਂ ਇੰਜ ਉਹ ਪਿਤਾ ਦੀ ਵਡਿਆਈ ਕਰਨਗੇ।

ਅਗਲੀਆਂ ਆਇਤਾਂ ਦੀ ਗੱਲਬਾਤ ਆਇਤ 28 ਤੋਂ ਯਿਸੂ ਦੀ ਪ੍ਰਾਰਥਨਾ ਬਣ ਜਾਂਦੀ ਹੈ: ‘‘ਹੇ ਪਿਤਾ ਆਪਣੇ ਨਾਮ ਨੂੰ ਵਡਿਆਈ ਦੇ।’’ ਇਸ ਤੇ ਸੁਰਗ ਤੋਂ ਅਵਾਜ਼ ਆਈ, ‘‘ਮੈਂ ਉਹ ਨੂੰ ਵਡਿਆਈ ਦਿੱਤੀ ਹੈ ਅਰ ਫੇਰ ਵੀ ਦਿਆਂਗਾ’’ (12:28)। ਭੀੜ ਵਿਚੋਂ ਕੁਝ ਲੋਕਾਂ ਨੂੰ ਲੱਗਿਆ ਕਿ ਉਨ੍ਹਾਂ ਨੇ ਬੱਦਲ ਦੇ ਗੱਜਣ ਦੀ ਅਵਾਜ਼ ਸੁਣੀ ਹੈ। ਹੋਰਨਾਂ ਇਹ ਦਾਅਵਾ ਕੀਤਾ ਕਿ ਉਨ੍ਹਾਂ ਇਕ ਫ਼ਰਿਸ਼ਤੇ ਦੀ ਅਵਾਜ਼ ਸੁਣੀ ਹੈ। ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਇਕ ਅਵਾਜ਼ ਸੁਣੀ ਸੀ ਜਿਸ ਨੇ ਉਨ੍ਹਾਂ ਦੇ ਕਾਰਣ ਹੀ ਉਸ ਨਾਲ ਗੱਲ ਕੀਤੀ ਸੀ। ਭਾਵ ਸਚਮੁਚ ਪਿਤਾ ਨੇ ਹੀ ਉਨ੍ਹਾਂ ਨਾਲ ਗੱਲ ਕੀਤੀ ਸੀ। ਉਸਨੇ ਜਿਸ ਵਡਿਆਈ ਦੀ ਗੱਲ ਕੀਤੀ ਸੀ ਉਹ ਮੁੱਖ ਰੂਪ ਵਿਚ ਇਕ ਸਲੀਬ ਹੀ ਸੀ। ਯਿਸੂ ਨੇ ਹਰ ਕੰਮ ਅਤੇ ਗੱਲ ਨਾਲ ਪਿਤਾ ਦੀ ਵਡਿਆਈ ਕੀਤੀ ਸੀ, ਪਰ ਸਭ ਤੋਂ ਵੱਡੀ ਕਹਾਣੀ ਦਾ ਉਸ ਵੇਲੇ ਪਤਾ ਚੱਲਦਾ ਸੀ ਜਦ ਯਿਸੂ ਨੇ ਸੂਲੀ ਚੜ੍ਹਨਾ ਸੀ ਅਤੇ ਮੁਰਦਿਆਂ ਵਿੱਚੋਂ ਜੀ ਉੱਠਣਾ ਸੀ। ‘‘ਅਰ ਮੈਂ ਜੇ ਧਰਤੀ ਉੱਤੇ ਉੱਚਾ ਕੀਤਾ ਜਾਵਾਂ ਤਾਂ ਸਾਰਿਆਂ ਨੂੰ ਆਪਣੀ ਵੱਲ ਖਿੱਚਾਂਗਾ’’ (12:32) ਕਹਿ ਕੇ ਯਿਸੂ ਨੇ ਸਾਫ਼ ਕੀਤਾ ਕਿ ਉਹ ਸਲੀਬ ਦੀ ਗੱਲ ਕਰ ਰਿਹਾ ਸੀ। ਯੂਹੰਨਾ ਨੇ ਟਿੱਪਣੀ ਕੀਤੀ ਕਿ ‘‘ਪਤਾ ਦੇਵੇ ਜੋ ਉਹ ਨੇ ਆਪ ਕਿਹੜੀ ਮੌਤ ਨਾਲ ਮਰਨਾ ਸੀ’’ (12:33)।

ਫਿਰ ਲੋਕਾਂ ਨੇ ਯਿਸੂ ਨੂੰ ਦੱਸਿਆ ਕਿ ਉਨ੍ਹਾਂ ਨੇ ‘‘ਸ਼ਰ੍ਹਾ ਦੀ ਗੱਲ ਸੁਣੀ’’ ਸੀ (12:34)। ਸੈਂਕੜੇ ਸਾਲ ਪਹਿਲਾਂ ਇਸਰਾਏਲ ਨੇ ਸੀਨਈ ਪਹਾੜ ਤੇ ਆਪਣੇ ਕੰਨਾਂ ਨਾਲ ਪਰਮੇਸ਼ੁਰ ਦੀ ਅਵਾਜ਼ ਸੁਣੀ ਸੀ।[2] ਗਰਜ, ਬਿਜਲੀ ਦੀ ਚਮਕ, ਧੂੰਏਂ ਵਿਚ ਇਸਰਾਏਲ ਦੇ ਪਰਮੇਸ਼ੁਰ ਦੀ ਵਡਿਆਈ ਦਾ ਥੋੜ੍ਹਾ ਜਿਹਾ ਅੰਸ਼ ਵੇਖਿਆ ਸੀ। ਹੁਣ ਐਨੇ ਸਾਲਾਂ ਬਾਅਦ, ਉਹ ਯਿਸੂ ਨੂੰ ਵੇਖ ਅਤੇ ਸੁਣ ਕੇ ਪਰਮੇਸ਼ੁਰ ਦੀ ਵਡਿਆਈ ਦਾ ਉਸ ਤੋਂ ਵੀ ਵੱਧ ਭਾਗ ਵੇਖ ਰਹੇ ਸਨ। ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੋਇਆ ਕਿ ਛੇਤੀ ਹੀ ਸਲੀਬ ਤੇ ਚੜ੍ਹਾਏ ਜਾ ਕੇ ਅਤੇ ਮੁਰਦਿਆਂ ਵਿੱਚੋਂ ਜੀ ਉੱਠ ਕੇ ਯਿਸੂ ਨੇ ਪਹਿਲਾਂ ਨਾਲੋਂ ਵੀ ਵੱਧ ਵਡਿਆਈ ਪਰਗਟ ਕਰਨੀ ਸੀ!

ਯਰੂਸ਼ਲਮ ਵਿਚ ਵੜਨ ਤੇ ਰਾਜੇ ਵਾਂਗ ਸੁਆਗਤ ਹੋਣ ਅਤੇ ਇਸ ਪਾਠ ਵਿਚ ਲਿਖਤ ਗੱਲਾਂ ਕਹਿਣ ਦੇ ਬਾਅਦ, ਯਿਸੂ ਭੀੜ ਵਿੱਚੋਂ ਨਿਕਲ ਕੇ ਲੁਕ ਗਿਆ। ਯਿਸੂ ਨੂੰ ਉਨ੍ਹਾਂ ਨਾਲ ਸੱਚੀ ਗੱਲ ਕਰਨ ਅਤੇ ਨਿਸ਼ਾਨਾ ਰਾਹੀਂ ਆਪਣੀ ਪਛਾਣ ਅਤੇ ਸਮਰਥ ਪਰਗਟ ਕਰਨ ਕਰਕੇ ਲੋਕਾਂ ਵਿਚ ਪੈਦਾ ਹੋਏ ਅਵਿਸ਼ਵਾਸ਼ ਨਾਲ ਦੁੱਖ ਹੋਇਆ। ਯੂਹੰਨਾ ਨੇ ਲੋਕਾਂ ਦੇ ਵਿਸ਼ਵਾਸ਼ ਵਿਚ

ਉਹੋ ਜਿਹੀ ਕਮੀ ਵੇਖੀ ਜਿਸ ਦੀ ਨਬੂਵਤ ਯਸਾਯਾਹ ਨੇ ਕੀਤੀ ਸੀ: *''ਸਾਡੇ ਪ੍ਰਚਾਰ ਦੀ ਕਿਹ ਨੇ ਪਰਤੀਤ ਕੀਤੀ? ਅਤੇ ਯਹੋਵਾਹ ਦੀ ਭੁਜਾ ਕਿਹ ਦੇ ਉੱਤੇ ਪਰਗਟ ਹੋਈ?''* (ਯਸਾਯਾਹ 53:1); *''ਏਸ ਪਰਜਾ ਦਾ ਮਨ ਮੋਟਾ, ਤੇ ਏਸ ਦੇ ਕੰਨ ਭਾਰੇ ਕਰ ਦੇਹ, ਅਤੇ ਏਸ ਦੀਆਂ ਅੱਖਾਂ ਬੰਦ ਕਰ, ਮਤੇ ਉਹ ਆਪਣੀਆਂ ਅੱਖਾਂ ਨਾਲ ਵੇਖਣ ਅਤੇ ਆਪਣਿਆਂ ਕੰਨਾਂ ਨਾਲ ਸੁਣਨ, ਅਤੇ ਆਪਣੇ ਮਨ ਨਾਲ ਸਮਝਣ, ਅਤੇ ਮੁੜ ਆਉਣ ਤੇ ਚੰਗੇ ਹੋ ਜਾਣ''* (ਯਸਾਯਾਹ 6:10)। ਯੂਹੰਨਾ ਨੇ ਲਿਖਿਆ ਕਿ ''ਯਸਾਯਾਹ ਨੇ ਏਹ ਵਚਨ ਕੀਤੇ ਇਸ ਲਈ ਜੋ ਉਨ ਉਸ ਦਾ ਤੇਜ ਵੇਖਿਆ ਅਰ ਉਸੇ ਦੇ ਵਿਖੇ ਬੋਲਿਆ'' (12:41)। ਇੱਥੇ ਇਸ ਪਾਠ ਵਿਚ ਚੌਥੀ ਵਾਰ ''ਵਡਿਆਈ'' ਸ਼ਬਦ ਦੀ ਵਰਤੋਂ ਮਸੀਹ ਦੀ ਮੌਤ, ਦੱਬੇ ਜਾਣ ਅਤੇ ਜੀ ਉੱਠਣ ਲਈ ਹੋਇਆ ਹੈ।

## ਪਰਮੇਸ਼ੁਰ ਦੀ ਵਡਿਆਈ

ਆਪਣੇ ਅਤੇ ਪਰਮੇਸ਼ੁਰ ਦੀ ਵਡਿਆਈ ਦੇ ਕੰਮਾਂ ਬਾਰੇ ਯਿਸੂ ਦੀਆਂ ਗੱਲਾਂ ਸੁਣ ਕੇ, ਸਾਨੂੰ ਇਕ ਸਾਫ਼ ਤੇ ਪ੍ਰਤੱਖ ਸੰਦੇਸ਼ ਮਿਲਦਾ ਹੈ ਅਤੇ ਉਹ ਸੰਦੇਸ਼ ਇਹ ਹੈ ਕਿ ''ਵਡਿਆਈ'' ਦਾ ਇਹ ਵਿਸ਼ਾ ਸਾਡੀਆਂ ਜਿੰਦਗੀਆਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ''ਵੇਲਾ ਆ ਪੁੱਜਿਆ ਹੈ ਜੋ ਮਨੁੱਖ ਦੇ ਪੁੱਤਰ ਦੀ ਵਡਿਆਈ ਕੀਤੀ ਜਾਏ'' (12:32)। ਉਸ ਨੇ ਆਪਣੀ ਮੌਤ ਦੀ ਜ਼ਰੂਰਤ ਸਮਝਾਈ (12:24) ਅਤੇ ਫਿਰ ਕਿਹਾ :

> ਜਿਹੜਾ ਆਪਣੀ ਜਾਨ ਨਾਲ ਹਿਤ ਕਰਦਾ ਹੈ ਉਹ ਉਸ ਨੂੰ ਗੁਆਉਂਦਾ ਅਤੇ ਜਿਹੜਾ ਇਸ ਜਗਤ ਵਿਚ ਆਪਣੀ ਜਾਨ ਨਾਲ ਵੈਰ ਰੱਖਦਾ ਹੈ ਉਹ ਸਦੀਪਕ ਜੀਉਣ ਤਾਈਂ ਉਹ ਦੀ ਰੱਛਿਆ ਕਰੇਗਾ। ਜੇ ਕੋਈ ਮੇਰੀ ਸੇਵਾ ਕਰੇ ਤਾਂ ਮੇਰੇ ਪਿੱਛੇ ਹੋ ਤੁਰੇ ਅਰ ਜਿੱਥੇ ਮੈਂ ਹਾਂ ਮੇਰਾ ਸੇਵਕ ਭੀ ਉੱਥੇ ਹੋਵੇਗਾ। ਜੇ ਕੋਈ ਮੇਰੀ ਸੇਵਾ ਕਰੇ ਤਾਂ ਪਿਤਾ ਉਹ ਦਾ ਆਦਰ ਕਰੇਗਾ (12:25, 26)।

ਇਸ ਭਾਗ ਵਿਚ ਵਿਚਾਰ ਦਾ ਪ੍ਰਵਾਹ ਕੁਝ ਇਵੇਂ ਹੈ ਕਿ ਮਸੀਹ ਨੂੰ ਵਡਿਆਈ ਮਿਲਣ ਹੀ ਵਾਲੀ ਸੀ। ਪਰ ਕਿਸੇ ਦੀ ਉਮੀਦ ਦੇ ਉਲਟ ਕਿ ਉਸ ਦਾ ਭਾਵ ਇਹ ਹੋ ਸਕਦਾ ਹੈ, ਉਹਦੇ ਲਈ ਵਡਿਆਈ ਪਾਉਣ ਲਈ ਮਰਨਾ ਜ਼ਰੂਰੀ ਸੀ। ਉਸੇ ਤਰ੍ਹਾਂ, ਯਿਸੂ ਦੇ ਪੈਰੋਕਾਰਾਂ ਨੂੰ ਤਾਂ ਹੀ ਸਦੀਪਕ ਜੀਵਨ ਮਿਲਦਾ ਅਤੇ ਉਹ ਪਰਮੇਸ਼ੁਰ ਦੀ ਵਡਿਆਈ ਕਰਦੇ ਹਨ ਜਦ ਉਹ ਆਪਣੇ ਘਮੰਡ, ਸੁਆਰਥ ਅਤੇ ਇਸ ਜਗਤ ਲਈ ਪ੍ਰੇਮ ਨਾਲ ਪਰਮੇਸ਼ੁਰ ਦਾ ਹੁਕਮ ਮੰਨਣ ਲਈ ''ਮਰ'' ਜਾਂਦੇ ਹਨ।

ਜੋ ਕੁਝ ਯਿਸੂ ਨੇ 12:25, 26 ਵਿਚ ਆਪਣੇ ਚੇਲਿਆਂ ਨੂੰ ਕਰਨ ਲਈ ਕਿਹਾ ਅਤੇ ਜੋ ਬਾਅਦ ਵਿਚ ਇਸ ਪਾਠ ਵਿਚ ਗੁਪਤ ਚੇਲਿਆਂ ਕੀਤਾ, ਉਨ੍ਹਾਂ ਵਿਚ ਇਕ ਹੈਰਾਨ ਕਰ ਦੇਣ ਵਾਲੀ ਸਮਾਨਤਾ ਮਿਲਦੀ ਹੈ:

> ਤਾਂ ਵੀ ਸਰਦਾਰਾਂ ਵਿੱਚੋਂ ਭੀ ਬਹੁਤਿਆਂ ਨੇ ਉਸ ਉੱਤੇ ਨਿਹਚਾ ਕੀਤੀ ਪਰ ਫ਼ਰੀਸੀਆਂ ਦੇ ਕਾਰਨ ਉਨ੍ਹਾਂ ਨੇ ਜਬਾਨੀ ਨਾ ਮੰਨਿਆ ਭਈ ਐਉਂ ਨਾ ਹੋਵੇ ਜੋ ਅਸੀਂ ਸਮਾਜ ਵਿੱਚੋਂ ਛੇਕੇ ਜਾਈਏ। ਕਿਉਂਕਿ ਓਹ ਪਰਮੇਸ਼ੁਰ ਦੀ ਵਡਿਆਈ ਨਾਲੋਂ ਮਨੁੱਖਾਂ ਦੀ ਵਡਿਆਈ

> ਦੇ ਬਹੁਤੇ ਭੁੱਖੇ ਹਨ (12:42, 43)।

ਆਇਤ 43 ਵਿਚ ਦੋ ਵਾਰ ਅਨੁਭਾਵਿਤ ਸ਼ਬਦ ''ਵਡਿਆਈ'' ਯੂਨਾਨੀ ਸ਼ਬਦ *doxa* ਤੋਂ ਲਿਆ ਗਿਆ ਹੈ। ਇਹ ਉਹੀ ਸ਼ਬਦ ਹੈ ਜਿਸ ਦਾ ਅਨੁਵਾਦ ਇਸ ਪਾਠ ਵਿਚ ''ਵਡਿਆਈ'' ਕੀਤਾ ਗਿਆ ਹੈ। ਯੂਹੰਨਾ ਨੇ ਸੰਕੇਤ ਦਿੱਤਾ ਕਿ ਡਰਪੋਕ ਚੇਲਿਆਂ ਨੇ ਆਪਣੇ ਵਿਸ਼ਵਾਸ਼ ਨੂੰ ਗੁਪਤ ਰੱਖਿਆ ਕਿਉਂਕਿ ''ਮਨੁੱਖਾਂ ਦੀ ਵਡਿਆਈ ਉਨ੍ਹਾਂ ਨੂੰ ਪਰਮੇਸ਼ੁਰ ਦੀ ਵਡਿਆਈ ਤੋਂ ਪਿਆਰੀ ਲਗਦੀ ਸੀ।'' ਲੋਕਾਂ ਦੀ ਵਡਿਆਈ ਘਮੰਡ, ਸ਼ਕਤੀ, ਆਤਮ-ਰੱਖਿਆ ਅਤੇ ਆਤਮ-ਵਿਸ਼ਵਾਸ ਵਿਚ ਵੇਖੀ ਜਾਂਦੀ ਹੈ, ਪਰ ਪਰਮੇਸ਼ੁਰ ਦੀ ਵਡਿਆਈ ਦੀਨਤਾ, ਬਲੀਦਾਨ ਅਤੇ ਆਪਣਾ ਇਨਕਾਰ ਕਰਨ ਵਿਚ ਵੇਖੀ ਜਾਂਦੀ ਹੈ।

ਬਾਅਦ ਵਿਚ ਇੰਜੀਲ ਦੀ ਆਪਣੀ ਕਿਤਾਬ ਵਿਚ, ਯੂਹੰਨਾ ਨੇ ਇਕ ਖਾਸ ਨਬੂਵਤ ਲਿਖੀ ਜੋ ਯਿਸੂ ਨੇ ਪਤਰਸ ਬਾਰੇ ਕੀਤੀ ਸੀ।

> ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਜਾਂ ਤੂੰ ਜੁਆਨ ਸੀ ਤਾਂ ਆਪਣਾ ਲੱਕ ਬੰਨ੍ਹ ਕੇ ਜਿੱਥੇ ਤੇਰਾ ਜੀ ਕਰਦਾ ਸੀ ਤੂੰ ਉੱਥੇ ਜਾਂਦਾ ਸੈਂ। ਪਰ ਜਾਂ ਤੂੰ ਬੁੱਢਾ ਹੋਵੇਂਗਾ ਤਾਂ ਆਪਣੇ ਹੱਥ ਲੰਮੇ ਕਰੇਂਗਾ ਅਤੇ ਕੋਈ ਹੋਰ ਤੇਰਾ ਲੱਕ ਬੰਨ੍ਹੇਗਾ ਅਰ ਜਿੱਥੇ ਤੇਰਾ ਜੀ ਨਾ ਕਰੇ ਉੱਥੇ ਤੈਨੂੰ ਲੈ ਜਾਵੇਗਾ (21:18)।

ਯੂਹੰਨਾ ਨੇ ਇਸ ਨੂੰ ਵਿਸਥਾਰ ਵਿਚ ਦੱਸਿਆ, ''ਉਸ ਨੇ ਇਹ ਗੱਲ ਇਸ ਲਈ ਆਖੀ ਭਈ ਪਤਾ ਦੇਵੇ ਜੋ ਉਹ ਕਿਹੜੀ ਮੌਤ ਨਾਲ ਪਰਮੇਸ਼ੁਰ ਦੀ ਵਡਿਆਈ ਕਰੇਗਾ'' (21:19)। ਫਿਰ ਸਾਨੂੰ ਇੰਜੀਲ ਦੀ ਇਸ ਕਿਤਾਬ ਦੀਆਂ ਸਿੱਖਿਆਵਾਂ ਵਿਚ ਵਡਿਆਈ ਅਤੇ ਬਲੀਦਾਨ ਦੋਵਾਂ ਨੂੰ ਮਿਲਾਣ ਦਾ ਪਤਾ ਲੱਗਦਾ ਹੈ।

ਮਸੀਹੀ ਲੋਕਾਂ ਦੀ ਜਿੰਦਗੀ ਪਰਮੇਸ਼ੁਰ ਦੀ ਵਡਿਆਈ ਲਈ ਹੋਣੀ ਚਾਹੀਦੀ ਹੈ। ਸਾਡੀ ਹਰ ਗੱਲ ਨਾਲ ਪਰਮੇਸ਼ੁਰ ਦੀ ਵਡਿਆਈ ਹੋਣੀ ਚਾਹੀਦੀ ਹੈ (1 ਕੁਰਿੰਥੀਆਂ 10:31)। ਸਦੀਆਂ ਤੋਂ, ਬਹੁਤ ਸਾਰੇ ਲੋਕ ਆਪਣੇ ਨਾਮ ਹੇਠ ਵੱਡੇ ਵੱਡੇ ਮੰਦਿਰ ਜਾਂ ਰਾਜ ਬਣਾ ਕੇ ਪਰਮੇਸ਼ੁਰ ਦੀ ਵਡਿਆਈ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ। ਯੂਹੰਨਾ ਦੇ ਵਿਰਤਾਂਤ ਵਿਚ, ਯਿਸੂ ਨੇ ਬਾਰ ਬਾਰ ਦੱਸਿਆ ਕਿ ਪਰਮੇਸ਼ੁਰ ਦੀ ਵਡਿਆਈ ਸਿੱਧੇ ਸਾਦੇ ਅਤੇ ਦੀਨ ਕੰਮਾਂ ਵਿਚ ਵੇਖੀ ਜਾਂਦੀ ਹੈ। ਪਰਮੇਸ਼ੁਰ ਦੀ ਵਡਿਆਈ ਅੱਜ ਪ੍ਰੇਮ ਦੇ ਉਨ੍ਹਾਂ ਕੁਰਬਾਨੀ ਭਰੇ ਕਾਰਜਾਂ ਵਿਚ ਵੇਖੀ ਜਾਂਦੀ ਹੈ ਜੋ ਸ਼ਾਇਦ ਸੰਸਾਰ ਨੂੰ ਨਜ਼ਰ ਨਾ ਆਉਂਦੇ ਹੋਣ:

> ਮਾਂ ਵੱਲੋਂ ਆਪਣੇ ਬੱਚੇ ਦੀ ਪਿਆਰ ਭਰੀ ਸੰਭਾਲ ਵਿਚ ਪਰਮੇਸ਼ੁਰ ਦੀ ਵਡਿਆਈ ਪ੍ਰਗਟ ਹੁੰਦੀ ਹੈ।
>
> ਬੁੱਢੇ ਮਾਤਾ ਪਿਤਾ ਜਾਂ ਗੁਆਂਢੀ ਨੂੰ ਸੰਭਾਲਣ ਵਿਚ ਪਰਮੇਸ਼ੁਰ ਦੀ ਵਡਿਆਈ ਪ੍ਰਗਟ ਹੁੰਦੀ ਹੈ।
>
> ਕਿਸੇ ਦੁਖੀ ਵਿਅਕਤੀ ਦੀ ਗੱਲ ਵੱਲ ਧਿਆਨ ਦੇਣ ਅਤੇ ਉਸ ਨੂੰ ਢਾਰਸ ਦੇਣ ਵਿਚ

ਪਰਮੇਸ਼ੁਰ ਦੀ ਵਡਿਆਈ ਪ੍ਰਗਟ ਹੁੰਦੀ ਹੈ।

ਆਪਣੇ ਜੀਵਨ ਸਾਥੀ ਪ੍ਰਤੀ ਵਫ਼ਾਦਾਰ ਹੋਣ ਵਿਚ ਪਰਮੇਸ਼ੁਰ ਦੀ ਵਡਿਆਈ ਪ੍ਰਗਟ ਹੁੰਦੀ ਹੈ।

ਕਿਸੇ ਜ਼ਰੂਰਤ ਮੰਦ ਦੀ ਮਦਦ ਕਰਨ ਵਿਚ ਪਰਮੇਸ਼ੁਰ ਦੀ ਵਡਿਆਈ ਪ੍ਰਗਟ ਹੁੰਦੀ ਹੈ।

ਸਕੂਲ ਵਿਚ ਮੇਰੇ ਟੀਚਰ ਇਕ ਦਿਨ ਮਹਾਨ ਪ੍ਰਚਾਰਕਾਂ ਬਾਰੇ ਦੱਸ ਰਹੇ ਸਨ। ਉਨ੍ਹਾਂ ਨੇ ਕਿਹਾ, ''ਅੱਜ ਸਭ ਤੋਂ ਵੱਧ ਪ੍ਰਚਾਰ ਉਹ ਲੋਕ ਕਰਦੇ ਹਨ ਜਿਨ੍ਹਾਂ ਬਾਰੇ ਤੁਸੀਂ ਕਦੇ ਨਹੀਂ ਸੁਣਿਆ।'' ਮੇਰਾ ਮੰਨਣਾ ਹੈ ਕਿ ਉਨ੍ਹਾਂ ਦੀ ਇਹ ਸ਼ਾਨਦਾਰ ਟਿੱਪਣੀ ਯੂਹੰਨਾ 12 ਵਿਚ ਯਿਸੂ ਦੀ ਸਿੱਖਿਆ ਵਾਂਗ ਹੀ ਸੀ!

ਵਿਕਟਰ ਡੇਲੇ ਨਾਮਕ ਆਸਟ੍ਰੇਲੀਆਈ ਕਵੀ ਦੀ ਜ਼ਿੰਦਗੀ ਦੇ ਆਖ਼ਰੀ ਦਿਨਾਂ ਵਿਚ ਹਸਪਤਾਲ ਵਿਚ ਪਿਆਰ ਨਾਲ ਦੇਖਭਾਲ ਕੀਤੀ ਗਈ ਸੀ। ਮਰਨ ਤੋਂ ਪਹਿਲਾਂ ਜੋ ਗੱਲ ਉਸ ਨੇ ਕੀਤੀ ਉਹ ਨਰਸਾਂ ਦਾ ਉਨ੍ਹਾਂ ਦੇ ਰਹਿਮ ਲਈ ਧੰਨਵਾਦ ਕਰਨਾ ਸੀ। ਨਰਸਾਂ ਦਾ ਜਵਾਬ ਸੀ, ''ਸਾਡਾ ਧੰਨਵਾਦ ਕਰਨ ਦੀ ਲੋੜ ਨਹੀਂ ਹੈ। ਖ਼ੁਦਾ ਦੀ ਕਿਰਪਾ ਦਾ ਧੰਨਵਾਦ ਕਰੋ।'' ਡੇਲੇ ਦਾ ਜਵਾਬ ਸੀ, ''ਪਰ ਕੀ ਤੁਸੀਂ ਪਰਮੇਸ਼ੁਰ ਦੀ ਕਿਰਪਾ ਨਹੀਂ ਹੋ?'' ਮੇਰਾ ਮੰਨਣਾ ਹੈ ਕਿ ਉਹ ਸਹੀ ਸੀ। ਉਸ ਤਰ੍ਹਾਂ ਤੁਸੀਂ ਅਤੇ ਮੈਂ ਪਰਮੇਸ਼ੁਰ ਦੀ ਵਡਿਆਈ ਵੇਖੀ ਅਤੇ ਪਾਈ ਹੈ। ਅਤੇ ਹੁਣ ਸਾਨੂੰ ਉਸ ਦੀ ਵਡਿਆਈ ਬਣਨਾ ਹੈ। ਦੀਨਤਾ ਦੀ ਕੁਰਬਾਨੀ ਭਰੀ ਸੇਵਾ ਕਰਕੇ ਸਾਨੂੰ ਆਪਣੇ ਸੰਸਾਰ ਵਿਚ ਪਰਮੇਸ਼ੁਰ ਦੀ ਵਿਖਾਈ ਦੇਣ ਵਾਲੀ ਵਡਿਆਈ ਬਣਨਾ ਚਾਹੀਦਾ ਹੈ।

## ਸਾਰ

ਤਿੰਨਾਂ ਦਰੱਖ਼ਤਾਂ ਦੇ ਪਰਮੇਸ਼ੁਰ ਲਈ ਕੁਝ ਕਰਨ ਦੇ ਬਹੁਤ ਵੱਡੇ ਖ਼ਾਬ ਸਨ। ਅਜੀਬ ਗੱਲ ਇਹ ਹੈ ਕਿ ਇਹ ਕੰਮ ਉਹ ਸਿਰਫ਼ ਕੱਟੇ ਜਾਣ ਦੇ ਬਾਅਦ ਹੀ ਕਰ ਪਾਏ, ਜਦ ਉਨ੍ਹਾਂ ਨੂੰ ਟੁਕੜੇ ਟੁਕੜੇ ਕਰ ਦਿੱਤਾ ਗਿਆ ਅਤੇ ਲੱਗਿਆ ਕਿ ਉਹ ਪਰਮੇਸ਼ੁਰ ਦੀ ਵਡਿਆਈ ਲਈ ਕੰਮ ਨਹੀਂ ਆ ਸਕਣਗੇ। ਯਿਸੂ ਨੇ ਦਾਅਵਾ ਕੀਤਾ ਕਿ ਉਸਦੀ ਜ਼ਿੰਦਗੀ ਅਜਿਹੀ ਹੀ ਸੀ। ਸਾਡੀ ਵੀ! ਆਓ ਹਰ ਰੋਜ਼ ਅਸੀਂ ਇਹ ਅਸਾਨ ਜਿਹੀ ਦੁਆ ਕਰੀਏ, ''ਹੇ ਪ੍ਰਭੂ, ਅੱਜ ਸਾਡੀ ਜਿੰਦਗੀ ਦੇ ਰਾਹੀਂ ਤੇਰੀ ਵਡਿਆਈ ਹੋਵੇ।''

---

ਟਿੱਪਣੀਆਂ

[1]ਇਹ ਸੰਭਵ ਤੌਰ ਤੇ ''ਪਰਮੇਸ਼ੁਰ ਦਾ ਭੈ ਰੱਖਣ ਵਾਲੇ'' ਉਹ ਲੋਕ ਸਨ ਜੋ ਯਹੂਦੀ ਮਤ ਦੀਆਂ ਸਿੱਖਿਆਵਾਂ ਰਾਹੀਂ ਖਿੱਚੇ ਗਏ ਸਨ, ਪਰ ਸੁੰਨਤ ਕਰਵਾਉਣ ਅਤੇ ਪੂਰੀ ਤਰ੍ਹਾਂ ਯਹੂਦੀ ਧਰਮ ਵਿਚ ਤਬਦੀਲ ਹੋਣ ਨੂੰ ਤਿਆਰ ਨਹੀਂ ਸਨ। ਇਸ ਲਈ ਉਹ ਗ਼ੈਰਕੌਮ ਹੀ ਰਹੇ ਅਤੇ ਯਰੂਸ਼ਲਮ ਵਿਚ ਹੈਕਲ ਵਿਚ ਬੰਦਗੀ ਲਈ ਆਉਣ ਤੇ ਗ਼ੈਰਕੌਮਾਂ ਦੇ ਅਹਾਤੇ ਵਿਚ ਹੀ ਜਾ ਸਕੇ ਸਨ। ਫਿਰ, ਇਨ੍ਹਾਂ ਸਤਰਾਂ ਵਿਚ ''ਯੂਨਾਨੀਆਂ'' ਤੋਂ ਭਾਵ ਸੰਭਵ ਤੌਰ ਤੇ ਯੂਨਾਨੀਆਂ ਦੇ ਦੇਸ਼ ਤੋਂ ਆਉਣ ਵਾਲੇ ਲੋਕਾਂ ਦੀ ਉਮੀਦ ''ਪਰਮੇਸ਼ੁਰ ਦਾ ਭੈ ਰੱਖਣ ਵਾਲੇ'' ਹੋ ਸਕਦਾ ਹੈ। [2]ਕੂਚ 20; ਵਿਵਸਥਾਸਾਰ 5:22.